19-Oct-Punjab-1Star.qxd 10/20/2025 12:33 AM Page 2

ਦੇਸ਼ ਭਰ 'ਚ ਦੀਵਾਲੀ ਦੇ ਜਸ਼ਨਾਂ ਦੀ ਧੂਮ...

ਮੱਧ ਪ੍ਰਦੇਸ਼

ਮੱਧ ਪ੍ਰਦੇਸ਼ ਦੇ ਜਬਲਪੁਰ ਦੇ ਗਵਾਰੀਘਾਟ ਵਿਖੇ ਦੀਵਾਲੀ ਦੀ ਪੂਰਵ ਸੰਧਿਆ ਮੌਕੇ 'ਦੀਪਉਤਸਵ' ਦੌਰਾਨ ਨਰਮਦਾ ਨਦੀ ਕਿਨਾਰੇ ਕੀਤੀ ਗਈ ਆਤਿਸ਼ਬਾਜ਼ੀ ਦਾ ਮਨਮੋਹਕ ਦਿਵਸ।

ਉੱਤਰ ਪ੍ਰਦੇਸ਼

ਅਯੁੱਧਿਆ (ਯੂ.ਪੀ.) ਸਥਿਤ 'ਰਾਮ ਕੀ ਪੌੜੀ' ਵਿਖੇ ਦੀਵਾਲੀ ਦੀ ਪੂਰਵ ਸੰਧਿਆ ਮੌਕੇ 'ਦੀਪਉਤਸਵ' ਦੌਰਾਨ ਸਰਯੂ ਨਦੀ ਕਿਨਾਰੇ ਕੀਤੀ ਗਈ ਆਤਿਸ਼ਬਾਜ਼ੀ ਦਾ ਦ੍ਰਿਸ਼।

ਮੁੰਬਈ

ਮੁੰਬਈ ਦੇ ਛਤਰਪਤੀ ਸ਼ਿਵਾਜੀ ਪਾਰਕ ਵਿਖੇ ਦੀਵਾਲੀ ਦੀ ਪੂਰਵ ਸੰਧਿਆ ਮੌਕੇ ਕੀਤੀ ਗਈ ਆਤਿਸ਼ਬਾਜ਼ੀ ਦਾ ਮਨਮੋਹਕ ਦ੍ਰਿਸ਼।

ਦੀਵਾਲੀ ਸੁਰੱਖਿਅਤ, ਜ਼ਿੰਮੇਵਾਰੀ ਤੇ ਵਾਤਾਵਰਨ ਅਨੁਕੂਲ ਢੰਗ ਨਾਲ ਮਨਾਈ ਜਾਵੇ-ਰਾਸ਼ਟਰਪਤੀ

ਨਵੀਂ ਦਿੱਲੀ, 19 ਅਕਤੂਬਰ (ਪੀ.ਟੀ.ਆਈ.)-ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਐਤਵਾਰ ਨੂੰ ਦੀਵਾਲੀ ਦੀ ਪੂਰਬਲੀ ਸ਼ਾਮ ਨਾਗਰਿਕਾਂ ਨੂੰ ਵਧਾਈ ਦਿੱਤੀ ਅਤੇ ਸਾਰਿਆਂ ਨੂੰ ਇਸ ਤਿਉਹਾਰ ਨੂੰ ਸੁਰੱਖਿਅਤ, ਜ਼ਿੰਮੇਵਾਰੀ ਨਾਲ ਅਤੇ ਵਾਤਾਵਰਨ ਅਨੁਕੂਲ ਢੰਗ ਨਾਲ ਮਨਾਉਣ ਦੀ ਅਪੀਲ ਕੀਤੀ। ਮੁਰਮੂ ਨੇ ਕਿਹਾ ਕਿ ਇਹ ਤਿਉਹਾਰ ਵਾਂਝੇ, ਲੋੜਵੰਦਾਂ ਦੀ ਮਦਦ ਅਤੇ ਉਨ੍ਹਾਂ ਦੇ ਜੀਵਨ 'ਚ ਖ਼ੁਸ਼ੀ ਲਿਆਉਣ ਦਾ ਵੀ ਇਕ ਮੌਕਾ ਹੈ। ਉਨ੍ਹਾਂ ਨੇ ਸੰਦੇਸ਼ 'ਚ ਕਿਹਾ ਕਿ ਦੀਵਾਲੀ ਭਾਰਤ ਦੇ ਸਭ ਤੋਂ ਪ੍ਰਸਿੱਧ ਤਿਉਹਾਰਾਂ 'ਚੋਂ ਇਕ ਹੈ, ਜੋ ਬਹੁਤ ਜੋਸ਼ ਅਤੇ ਉਤਸ਼ਾਹ ਨਾਲ ਮਨਾਈ ਜਾਂਦੀ ਹੈ। ਇਹ ਤਿਉਹਾਰ ਹਨੇਰੇ 'ਤੇ ਰੌਸ਼ਨੀ, ਅਗਿਆਨਤਾ 'ਤੇ ਗਿਆਨ ਅਤੇ ਬੁਰਾਈ 'ਤੇ ਚੰਗਿਆਈ ਦੀ ਜਿੱਤ ਦਾ ਪ੍ਰਤੀਕ ਹੈ। ਇਹ ਸ਼ੁੱਭ ਮੌਕਾ ਸਾਨੂੰ ਸਾਰਿਆਂ ਨੂੰ ਆਪਸੀ ਪਿਆਰ ਅਤੇ ਭਾਈਚਾਰੇ ਦਾ ਵੀ ਸੰਦੇਸ਼ ਦਿੰਦਾ ਹੈ।

ਅਯੁੱਧਿਆ ਦੀਪਉਤਸਵ 'ਚ 26 ਲੱਖ ਦੀਵੇ ਜਗ੍ਹਾ ਕੇ ਬਣਾਇਆ ਨਵਾਂ ਵਿਸ਼ਵ ਰਿਕਾਰਡ

ਅਯੁੱਧਿਆ (ਯੂ.ਪੀ.), 19 ਅਕਤੂਬਰ (ਪੀ.ਟੀ.ਆਈ.)-ਇਸ ਸਾਲ ਅਯੁੱਧਿਆ ਦੇ ਦੀਪਉਤਸਵ 'ਚ ਦੋ ਨਵੇਂ ਵਿਸ਼ਵ ਰਿਕਾਰਡ ਕਾਇਮ ਕੀਤੇ ਗਏ। ਉੱਤਰ ਪ੍ਰਦੇਸ਼ ਸਰਕਾਰ ਨੇ ਦੱਸਿਆ ਕਿ ਪਵਿੱਤਰ ਮੰਦਰ ਸ਼ਹਿਰ 'ਚ ਇਸ ਸ਼ਾਨਦਾਰ ਜਸ਼ਨ ਮੌਕੇ 2,128 ਲੋਕਾਂ ਨੇ ਇਕੱਠੇ 'ਆਰਤੀ' ਕੀਤੀ ਅਤੇ ਉਸੇ ਜਗ੍ਹਾ 'ਤੇ 26.17 ਲੱਖ ਦੀਵੇ ਜਗਾਏ ਗਏ। ਸਰਕਾਰੀ ਬਿਆਨ ਅਨੁਸਾਰ ਗਿੰਨੀਜ਼ ਵਰਲਡ ਰਿਕਾਰਡ ਦੇ ਪ੍ਰਤੀਨਿਧੀਆਂ ਨੇ ਡਰੋਨ ਦੀ ਵਰਤੋਂ ਕਰਕੇ ਦੀਵਿਆਂ ਦੀ ਗਿਣਤੀ ਕਰਨ ਦੀ ਪੁਸ਼ਟੀ ਕੀਤੀ। ਜਿਸ ਤੋਂ ਬਾਅਦ ਯੂ.ਪੀ. ਦੇ ਸੈਰ-ਸਪਾਟਾ, ਸੱਭਿਆਚਾਰ ਮੰਤਰੀ ਜੈਵੀਰ ਸਿੰਘ ਅਤੇ ਪ੍ਰਮੁੱਖ ਸਕੱਤਰ ਅੰਮ੍ਰਿਤ ਅਭਿਜਾਤ ਨੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੂੰ ਗਿੰਨੀਜ਼ ਸਰਟੀਫ਼ਿਕੇਟ ਪੇਸ਼ ਕੀਤਾ।

ਭਾਰਤੀ ਲੋਕ ਤਿਉਹਾਰਾਂ ਦੇ ਸੀਜ਼ਨ ਵਿਚ ਸਵਦੇਸ਼ੀ ਉਤਪਾਦ ਖ਼ਰੀਦਣ-ਮੋਦੀ

ਨਵੀਂ ਦਿੱਲੀ, 19 ਅਕਤੂਬਰ (ਪੀ.ਟੀ.ਆਈ.)-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ ਨਾਗਰਿਕਾਂ ਨੂੰ ਸਵਦੇਸ਼ੀ ਉਤਪਾਦ ਖਰੀਦ ਕੇ ਅਤੇ 140 ਕਰੋੜ ਭਾਰਤੀਆਂ ਦੀ ਮਿਹਨਤ ਦਾ ਜਸ਼ਨ ਮਨਾ ਕੇ ਤਿਉਹਾਰਾਂ ਦੇ ਸੀਜ਼ਨ ਵਿਚ ਸ਼ਾਮਿਲ ਹੋਣ ਦੀ ਅਪੀਲ ਕੀਤੀ। ਮੋਦੀ ਨੇ ਇੱਕ ਪੋਸਟ ਵਿਚ ਕਿਹਾ ਕਿ ਆਓ ਇਸ ਤਿਉਹਾਰ ਦੇ ਸੀਜ਼ਨ ਨੂੰ 140 ਕਰੋੜ ਭਾਰਤੀਆਂ ਦੀ ਮਿਹਨਤ, ਰਚਨਾਤਮਕਤਾ ਤੇ ਨਵੀਨਤਾ ਦਾ ਜਸ਼ਨ ਮਨਾਈਏ। 'ਆਓ ਭਾਰਤੀ ਉਤਪਾਦ ਖਰੀਦੀਏ ਤੇ ਕਹੀਏ - ਗਰਵ ਸੇ ਕਹੋ ਯੇ ਸਵਦੇਸ਼ੀ ਹੈ'। ਉਨ੍ਹਾਂ ਨੇ ਨਾਗਰਿਕਾਂ ਨੂੰ ਤਿਉਹਾਰਾਂ ਦੇ ਸੀਜ਼ਨ ਦੌਰਾਨ ਜੋ ਕੁਝ ਖਰੀਦਿਆ ਹੈ ਉਸਨੂੰ ਸੋਸ਼ਲ ਮੀਡੀਆ 'ਤੇ ਸਾਂਝਾ ਕਰਨ ਦੀ ਵੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਜੋ ਤੁਸੀਂ ਖਰੀਦਿਆ ਹੈ ਉਸਨੂੰ ਸੋਸ਼ਲ ਮੀਡੀਆ 'ਤੇ ਵੀ ਸਾਂਝਾ ਕਰੋ। ਇਸ ਤਰ੍ਹਾਂ ਤੁਸੀਂ ਦੂਜਿਆਂ ਨੂੰ ਵੀ ਅਜਿਹਾ ਕਰਨ ਲਈ ਪ੍ਰੇਰਿਤ ਕਰੋਗੇ।

ਓਵੈਸੀ ਵਲੋਂ ਬਿਹਾਰ ਚੋਣਾਂ ਲਈ ਉਮੀਦਵਾਰਾਂ ਦਾ ਐਲਾਨ

ਪਟਨਾ, 19 ਅਕਤੂਬਰ (ਪੀ. ਟੀ. ਆਈ.)-ਅਸਦੁਦੀਨ ਓਵੈਸੀ ਦੀ ਪਾਰਟੀ ਏ. ਆਈ. ਐਮ. ਆਈ. ਐਮ., ਜਿਸ ਨੇ 'ਇੰਡੀਆ' ਗਠਜੋੜ ਵਲੋਂ ਠੁਕਰਾਏ ਜਾਣ ਤੋਂ ਬਾਅਦ ਬਿਹਾਰ ਚੋਣਾਂ 'ਚ 100 ਸੀਟਾਂ 'ਤੇ ਚੋਣ ਲੜਨ ਦਾ ਦਾਅਦਾ ਕੀਤਾ ਸੀ, ਨੇ ਐਤਵਾਰ ਨੂੰ 25 ਉਮੀਦਵਾਰਾਂ ਦਾ ਐਲਾਨ ਕੀਤਾ, ਜਿਨ੍ਹਾਂ 'ਚ ਦੋ ਗੈਰ-ਮੁਸਲਮਾਨ ਹਨ। ਪਾਰਟੀ ਦੁਆਰਾ ਸਾਂਝੀ ਕੀਤੀ ਗਈ ਇਹ ਸੂਚੀ, ਜਿਸ 'ਚ ਏ.ਆਈ.ਐਮ.ਆਈ.ਐਮ. ਦੇ ਸੂਬਾ ਪ੍ਰਧਾਨ ਤੇ ਬਿਹਾਰ 'ਚ ਇਸ ਦੇ ਇਕਲੌਤੇ ਵਿਧਾਇਕ ਅਖਤਰੁਲ ਇਮਾਨ ਦਾ ਨਾਂਅ ਸ਼ਾਮਿਲ ਹੈ। ਓਵੈਸੀ ਨੇ 'ਐਕਸ' 'ਤੇ ਪੋਸਟ ਰਾਹੀਂ ਕਿਹਾ ਕਿ ਉਨ੍ਹਾਂ ਨੂੰ ਬਿਹਾਰ ਚੋਣਾਂ 'ਚ ਉਮੀਦਵਾਰਾਂ ਦੀ ਸੂਚੀ ਦਾ ਐਲਾਨ ਕਰਦੇ ਹੋਏ ਖੁਸ਼ੀ ਹੋ ਰਹੀ ਹੈ, ਪਾਰਟੀ ਦੁਆਰਾ ਇਹ ਸੂਚੀ ਰਾਸ਼ਟਰੀ ਲੀਡਰਸ਼ਿਪ ਦੀ ਸਲਾਹ ਨਾਲ ਤਿਆਰ ਕੀਤੀ ਗਈ ਹੈ। ਉਨ੍ਹਾਂ ਜ਼ੋਰ ਦਿੰਦੀਆਂ ਕਿਹਾ ਕਿ ਅਸੀਂ ਬਿਹਾਰ ਦੇ ਕਮਜ਼ੋਰ ਤੇ ਅਣਗੌਲੇ ਲੋਕਾਂ ਦੀ ਆਵਾਜ਼ ਬਣਾਂਗੇ।

ਪੈਰਿਸ ਦੇ ਲੂਵਰ ਮਿਊਜ਼ੀਅਮ 'ਚੋਂ ਗਹਿਣੇ ਚੋਰੀ

ਪੈਰਿਸ, 19 ਅਕਤੂਬਰ (ਏਜੰਸੀ)- ਇਥੋਂ ਦੇ ਪ੍ਰਸਿੱਧ ਲੂਵਰ ਮਿਊਜ਼ੀਅਮ 'ਚ ਅੱਜ ਗਹਿਣੇ ਚੋਰੀ ਹੋ ਗਏ, ਜਿਸ ਤੋਂ ਬਾਅਦ ਇਸ ਮਿਊਜ਼ੀਅਮ ਨੂੰ ਦਿਨ ਭਰ ਲਈ ਬੰਦ ਕਰ ਦਿੱਤਾ ਗਿਆ। ਫਰਾਂਸ ਦੇ ਸੱਭਿਆਚਾਰ ਮੰਤਰੀ ਰਚਿਦਾ ਦਾਤੀ ਨੇ 'ਐਕਸ' 'ਤੇ ਘਟਨਾ ਦੀ ਪੁਸ਼ਟੀ ਕਰਦੇ ਹੋਏ ਕਿਹਾ ਕਿ ਅੱਜ ਸਵੇਰੇ ਲੂਵਰ ਮਿਊਜ਼ੀਅਮ ਵਿਚ ਚੋਰੀ ਹੋ ਗਈ। ਸੀ.ਸੀ.ਟੀ.ਵੀ. ਕੈਮਰਿਆਂ ਤੋਂ ਪਤਾ ਲੱਗਿਆ ਕਿ ਚੋਰ ਸਵੇਰੇ 9.30 ਵਜੇ ਤੋਂ 9.40 ਦਰਮਿਆਨ ਪਹੁੰਚੇ ਅਤੇ ਗਹਿਣੇ ਚੋਰੀ ਕਰ ਲਏ। ਲੁਟੇਰੇ ਇਕ ਸਕੂਟਰ 'ਤੇ ਆਏ ਸਨ ਤੇ ਉਨ੍ਹਾਂ ਨੇ ਉਸ ਕਮਰੇ ਤੱਕ ਪਹੁੰਚਣ ਲਈ ਸਾਮਾਨ ਲਿਆਉਣ ਵਾਲੀ ਲਿਫ਼ਟ ਦੀ ਵਰਤੋਂ ਕੀਤੀ। ਦੱਸਣਾ ਬਣਦਾ ਹੈ ਕਿ ਪੈਰਿਸ ਵਿਚ ਆਈਫਲ ਟਾਵਰ ਤੇ ਆਰਕ ਡੀ ਟਰੰਪ ਤੋਂ ਇਲਾਵਾ ਲੂਵਰ ਮਿਊਜ਼ੀਅਮ ਪ੍ਰਸਿੱਧ ਸੈਲਾਨੀ ਕੇਂਦਰ ਹਨ। ਲੂਵਰ ਮਿਊਜ਼ੀਅਮ ਦੁਨੀਆ ਦੇ ਸਭ ਤੋਂ ਵੱਧ ਵੇਖੇ ਜਾਣ ਵਾਲੇ ਅਜਾਇਬ ਘਰ ਵਜੋਂ ਸੂਚੀਬੱਧ ਕੀਤਾ ਗਿਆ ਹੈ। ਲੂਵਰ ਮਿਊਜ਼ੀਅਮ ਵਿਚ ਪਿਛਲੇ ਸਾਲ 90 ਲੱਖ ਸੈਲਾਨੀ ਆਏ ਸਨ।

ਯੂ.ਪੀ. 'ਚ 3 ਕਰੋੜ ਦੀ ਪਾਬੰਦੀਸ਼ੁਦਾ ਖੰਘ ਦੀ ਦਵਾਈ ਜ਼ਬਤ

ਸੋਨਭੱਦਰ (ਯੂ.ਪੀ.), 19 ਅਕਤੂਬਰ (ਪੀ.ਟੀ.ਆਈ.)-ਪੁਲਿਸ ਤੇ ਆਬਕਾਰੀ ਵਿਭਾਗ ਦੇ ਅਧਿਕਾਰੀਆਂ ਦੀ ਇਕ ਸਾਂਝੀ ਟੀਮ ਨੇ ਉੱਤਰ ਪ੍ਰਦੇਸ਼ ਦੇ ਸੋਨਭੱਦਰ ਜ਼ਿਲ੍ਹੇ ਦੇ ਚੁਰਕ ਨੇੜੇ ਪਾਬੰਦੀਸ਼ੁਦਾ ਖੰਘ ਦੀ ਦਵਾਈ ਜ਼ਬਤ ਕੀਤੀ ਹੈ, ਜੋ ਗਾਜ਼ੀਆਬਾਦ ਤੋਂ ਝਾਰਖੰਡ ਦੋ ਟਰੱਕਾਂ 'ਚ ਲਿਜਾਈ ਜਾ ਰਹੀ ਸੀ। ਜਾਣਕਾਰੀ ਅਨੁਸਾਰ ਲਗਭਗ 3 ਕਰੋੜ ਰੁਪਏ ਦੀਆਂ 1.19 ਲੱਖ ਬੋਤਲਾਂ ਸਨਿਚਰਵਾਰ ਸ਼ਾਮ ਨੂੰ ਜ਼ਬਤ ਕੀਤੀਆਂ ਗਈਆਂ ਸਨ ਤੇ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਖੰਘ ਦੀ ਦਵਾਈ ਦੀ ਜਾਂਚ ਕਰਨ ਤੋਂ ਬਾਅਦ ਪੁਸ਼ਟੀ ਕਰਤਾ ਨੇ ਇਸ ਵਿਚ ਨਸ਼ੀਲੇ ਪਦਾਰਥ ਕੋਡੀਨ ਦੀ ਮੌਜੂਦਗੀ ਦੱਸੀ, ਜੋ ਪਾਬੰਦੀਸ਼ੁਦਾ ਦਵਾਈ ਦੀ ਸ਼੍ਰੇਣੀ 'ਚ ਆਉਂਦਾ ਹੈ। ਅਧਿਕਾਰੀ ਨੇ ਕਿਹਾ ਕਿ ਮੁਲਜ਼ਮ ਹੇਮੰਤ ਪਾਲ, ਬ੍ਰਜਮੋਹਨ ਸ਼ਿਵਹਰੇ ਤੇ ਰਾਮਗੋਪਾਲ ਧਾਕੜ ਨੇ ਪੁੱਛਗਿੱਛ ਦੌਰਾਨ ਖੁਲਾਸਾ ਕੀਤਾ ਕਿ ਉਹ ਪੁਲਿਸ ਤੋਂ ਬਚਣ ਲਈ ਨਸ਼ੀਲੇ ਪਦਾਰਥ ਸਨੈਕਸ ਦੇ ਡੱਬਿਆਂ ਵਿਚਕਾਰ ਰੱਖਦੇ ਸਨ।

ਇਜ਼ਰਾਈਲ ਵਲੋਂ ਗਾਜ਼ਾ 'ਤੇ ਵੱਡਾ ਹਮਲਾ

ਤਲ ਅਵੀਵ, 19 ਅਕਤੂਬਰ (ਏ. ਪੀ.)-ਇਜ਼ਰਾਈਲੀ ਫੌਜ ਨੇ ਕਿਹਾ ਕਿ ਉਸਨੇ ਐਤਵਾਰ ਨੂੰ ਗਾਜ਼ਾ 'ਚ ਕਈ ਟਿਕਾਣਿਆਂ 'ਤੇ ਹਵਾਈ ਜਹਾਜ਼ਾਂ ਅਤੇ ਤੋਪਾਂ ਨਾਲ ਹਮਲਾ ਕੀਤਾ। ਇਸ ਤੋਂ ਪਹਿਲਾਂ ਇਜ਼ਰਾਈਲੀ ਫ਼ੌਜ ਨੇ ਕਿਹਾ ਸੀ ਕਿ ਹਮਾਸ ਦੇ ਅੱਤਵਾਦੀਆਂ ਨੇ ਇਜ਼ਰਾਈਲੀ ਫ਼ੌਜੀਆਂ 'ਤੇ ਗੋਲੀਬਾਰੀ ਕੀਤੀ, ਜੋ ਅਜੇ ਵੀ ਇਜ਼ਰਾਈਲੀ ਨਿਯੰਤਰਣ ਵਾਲੇ ਖੇਤਰ 'ਚ ਮੌਜੂਦ ਸੀ। ਇਹ ਇਕ ਹਫ਼ਤੇ ਪਹਿਲਾਂ ਹੋਏ ਜੰਗਬੰਦੀ ਦਾ ਪਹਿਲਾ ਵੱਡਾ ਪ੍ਰੀਖਣ ਸੀ। ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਇਜ਼ਰਾਈਲ ਦੇ ਸੁਰੱਖਿਆ ਮੁਖੀਆਂ ਨਾਲ ਵਿਚਾਰ-ਵਟਾਂਦਰਾ ਕੀਤਾ ਅਤੇ ਫ਼ੌਜ ਨੂੰ ਕਿਸੇ ਵੀ ਜੰਗਬੰਦੀ ਉਲੰਘਣ ਦੇ ਵਿਰੁੱਧ 'ਸਖ਼ਤ ਕਾਰਵਾਈ ਕਰਨ ਦਾ ਨਿਰਦੇਸ਼ ਦਿੱਤਾ, ਪ੍ਰੰਤੂ ਜੰਗ ਦੀ ਤਰਫ ਮੁੜਨ ਦੀ ਧਮਕੀ ਨਹੀਂ ਦਿੱਤੀ। ਹਮਾਸ ਨੇ ਕਿਹਾ ਕਿ ਦੱਖਣੀ ਗਾਜ਼ਾ ਦੇ ਰਾਫਾ 'ਚ ਹੋਈ ਕਿਸੇ ਵੀ ਝੜਪ ਨਾਲ ਉਸਦਾ ਕੋਈ ਸਬੰਧ ਨਹੀਂ ਹੈ। ਇਹ ਹਮਲਾ ਅਜਿਹੇ ਸਮੇਂ ਹੋਇਆ ਜਦੋਂ ਇਜ਼ਰਾਈਲ ਨੇ ਹਮਾਸ ਵਲੋਂ ਰਾਤ ਭਰ ਰਿਹਾਅ ਕੀਤੇ ਗਏ ਬੰਧਕਾਂ ਦੇ ਅਵਸ਼ੇਸ਼ਾਂ ਦੀ ਪਹਿਚਾਣ ਕੀਤੀ ਅਤੇ ਫਿਲਸਤੀਨੀ ਸਮੂਹ ਨੇ ਕਿਹਾ ਕਿ ਜੰਗਬੰਦੀ ਗੱਲਬਾਤ ਦੇ ਦੂਸਰੇ ਪੜਾਅ ਨੂੰ ਸ਼ੁਰੂ ਕਰਨ ਦੇ ਲਈ ਗੱਲਬਾਤ ਸ਼ੁਰੂ ਹੋ ਗਈ ਹੈ।

ਕੱਲ੍ਹ ਰਿਲੀਜ਼ ਲਈ ਪੂਰੀ ਤਰ੍ਹਾਂ ਤਿਆਰ ਹੈ ਫ਼ਿਲਮ 'ਗੋਡੇ ਗੋਡੇ ਚਾਅ 2'

ਜਲੰਧਰ, 19 ਅਕਤੂਬਰ (ਅਜੀਤ ਬਿਊਰੋ)-ਜ਼ੀ ਸਟੂਡੀਓਜ਼ ਵਲੋਂ ਵੀ.ਐਚ. ਐਂਟਰਟੇਨਮੈਂਟ ਦੇ ਨਾਲ ਮਿਲ ਕੇ ਇਸ ਦੀਵਾਲੀ 'ਵੀਕਐਂਡ' ਉਤੇ 21 ਅਕਤੂਬਰ, 2025 ਨੂੰ ਬੇਸਬਰੀ ਨਾਲ ਉਡੀਕ ਕੀਤੀ ਜਾ ਰਹੀ ਪੰਜਾਬੀ 'ਫੈਮਿਲੀ ਐਂਟਰਟੇਨਰ' ਫਿਲਮ 'ਗੋਡੇ ਗੋਡੇ ਚਾਅ 2' ਰਿਲੀਜ਼ ਕੀਤੀ ਜਾ ਰਹੀ ਹੈ। ਫਿਲਮ 'ਚ ਐਮੀ ਵਿਰਕ, ਤਾਨੀਆ, ਗੁਰਜੈਜ਼, ਗੀਤਾਂਜ਼ ਬਿੰਦਰਾਖੀਆ, ਨਿਕੀਤ ਢਿੱਲੋਂ, ਅਮ੍ਰਿਤ ਐਂਬੀ, ਮਿੱਟੂ ਕਾਪਾ, ਸਰਦਾਰ ਸੋਹੀ, ਨਿਰਮਲ ਰਿਸ਼ੀ, ਰੁਪਿੰਦਰ ਰੂਪੀ ਤੇ ਗੁਰਪ੍ਰੀਤ ਭੰਗੂ ਅਹਿਮ ਭੂਮਿਕਾਵਾਂ 'ਚ ਨਜ਼ਰ ਆਉਣਗੇ।ਮਸ਼ਹੂਰ ਲੇਖਕ ਜਗਦੀਪ ਸਿੱਧੂ ਵਲੋਂ ਲਿਖੀ ਅਤੇ ਵਿਜੈ ਕੁਮਾਰ ਅਰੋੜਾ ਦੇ ਨਿਰਦੇਸ਼ਨ ਹੇਠ ਬਣੀ ਇਹ ਫਿਲਮ ਹਰ ਉਮਰ ਦੇ ਦਰਸ਼ਕਾਂ ਲਈ ਹਾਸਾ, ਜਜ਼ਬਾਤ ਅਤੇ ਪੁਰਾਣੀਆਂ ਯਾਦਾਂ ਵਾਪਸ ਲਿਆਉਣ ਦਾ ਵਾਅਦਾ ਕਰਦੀ ਹੈ। ਕਹਾਣੀ ਪਹਿਲੀ ਫਿਲਮ 'ਗੋਡੇ ਗੋਡੇ ਚਾਅ' ਦੀ ਵਿਰਾਸਤ ਨੂੰ ਖੂਬਸੂਰਤੀ ਨਾਲ ਅੱਗੇ ਵਧਾਉਂਦੀ ਹੈ, ਜਿਸ ਨੂੰ ਸਰਬੋਤਮ ਪੰਜਾਬੀ ਫਿਲਮ ਦਾ ਕੌਮੀ ਐਵਾਰਡ ਮਿਲਿਆ ਸੀ। ਫਿਲਮ ਦਾ ਸੰਗੀਤ ਪਹਿਲਾਂ ਹੀ ਸੋਸ਼ਲ ਮੀਡੀਆ 'ਤੇ ਛਾਇਆ ਹੋਇਆ ਹੈ। ਇਸ ਦੇ ਗੀਤ ਹਰ ਪਲੇਟਫਾਰਮ 'ਤੇ ਟ੍ਰੈਂਡ ਕਰ ਰਹੇ ਹਨ ਅਤੇ ਹਰ ਉਮਰ ਦੇ ਦਰਸ਼ਕਾਂ ਦੇ ਦਿਲਾਂ ਨੂੰ ਜਿੱਤ ਰਹੇ ਹਨ। ਆਪਣੀ ਸ਼ਾਨਦਾਰ ਕਾਸਟ, ਦਿਲ ਨੂੰ ਛੂਹਣ ਵਾਲੇ ਸੰਗੀਤ ਅਤੇ ਜ਼ਜਬਾਤੀ ਕਹਾਣੀ ਨਾਲ 'ਗੋਡੇ ਗੋਡੇ ਚਾਅ 2' ਇਸ ਤਿਉਹਾਰ ਦੇ ਮੌਕੇ ਨੂੰ ਖੁਸ਼ੀ ਨਾਲ ਰੌਸ਼ਨ ਕਰਨ ਲਈ ਤਿਆਰ ਹੈ।

ੴ ਵਾਹਿਗੁਰੂ ਜੀ ਕੀ ਫ਼ਤਹ॥

ਦੇਸ਼ ਵਿਦੇਸ਼ 'ਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ

ਬੰਦੀ ਛੋੜ ਦਿਵਸ

ਦੀਆਂ

ਹਾਰਦਿਕ ਵਧਾਈਆਂ

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਬੰਦੀ ਛੋੜ ਦਿਵਸ ੫ ਕੱਤਕ, ਸੰਮਤ ਨਾਨਕਸ਼ਾਹੀ ੫੫੭ (21 ਅਕਤੂਬਰ 2025) ਨੂੰ ਮਨਾਇਆ ਜਾ ਰਿਹਾ ਹੈ।

ਸਮਾਗਮਾਂ ਦਾ ਵੇਰਵਾ

- ਗੁਰਮਤਿ ਸਮਾਗਮ: 20, 21 ਤੇ 22 ਅਕਤੂਬਰ 2025 ਨੂੰ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਸ੍ਰੀ ਅੰਮ੍ਰਿਤਸਰ ਵਿਖੇ ਧਾਰਮਿਕ ਦੀਵਾਨ ਸਜਣਗੇ, ਜਿਸ ਵਿਚ ਢਾਡੀ, ਕਵੀਸ਼ਰ ਜਥੇ ਤੇ ਪ੍ਰਚਾਰਕ ਸੰਗਤਾਂ ਨੂੰ ਗੁਰ-ਇਤਿਹਾਸ ਸਰਵਣ ਕਰਵਾਉਣਗੇ।
- ਅੰਮ੍ਰਿਤ ਸੰਚਾਰ: 21 ਅਕਤੂਬਰ 2025 ਨੂੰ ਦੁਪਹਿਰ 12:00 ਵਜੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਹੋਵੇਗਾ।

ਬੰਦੀ ਛੋੜ ਦਿਵਸ ਵਾਲੇ ਦਿਨ 21 ਅਕਤੂਬਰ 2025 ਨੂੰ ਸ਼ਾਮ ਦੇ 5:00 ਵਜੇ ਦਰਸ਼ਨੀ ਡਿਊੜੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਸਿੱਖ ਕੌਮ ਦੇ ਨਾਮ ਸੰਦੇਸ਼ ਦੇਣਗੇ।

ਸਮੂਹ ਸੰਗਤਾਂ ਨੂੰ ਸਮਾਗਮਾਂ ਵਿਚ ਸ਼ਾਮਲ ਹੋਣ ਲਈ ਹਾਰਦਿਕ ਸੱਦਾ ਹੈ।

ਗੁਰੂ ਪੰਥ ਦਾ ਦਾਸ,

ਐਡਵੋਕੇਟ ਹਰਜਿੰਦਰ ਸਿੰਘ ਧਾਮੀ

ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਜਾਰੀ ਕਰਤਾ:- ਮੈਨੇਜਰ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ।

"ਸਾਡਾ ਮਾਣ, ਸਾਡੀ ਸ਼ਾਨ, ਬਰਨਾਲਾ ਪੁਲਿਸ ਦੇ ਸ਼ਹੀਦ ਜਵਾਨ"

ਬਰਨਾਲਾ ਪੁਲਿਸ ਇਨ੍ਹਾਂ ਮਹਾਨ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੀ ਹੈ।

ਆਖਰੀ ਦਮ ਤੱਕ ਡਿਊਟੀ ਨਿਭਾਉਣਾ ਪੁਲਿਸ ਦਾ ਫਰਜ਼